16 DAYS OF ACTIVISM AGAINST GENDER VIOLENCE
16 DÍAS DE ACTIVISMO CONTRA LA VIOLENCIA DE GÉNERO
16 JOURS D'ACTIVISME CONTRE LA VIOLENCE DE GENRE
25 NOV - 10 DEC http://16dayscwgl.rutgers.edu

# Suggested Grant Proposal Guide

## ਤਜਵੀਜ਼ਤ ਗਰਾਂਟ ਪ੍ਰਸਤਾਵ ਸਬੰਧੀ ਗਾਈਡ

ਔਰਤਾਂ ਲਈ ਗਲੋਬਲ ਫੰਡ ਦੁਆਰਾ

ਤਜਵੀਜ਼ਤ ਗਰਾਂਟ ਪ੍ਰਸਤਾਵ ਸਬੰਧੀ ਗਾਈਡ

ਔਰਤਾਂ ਲਈ ਗਲੋਬਲ ਫੰਡ ਦੁਆਰਾ

ਸੁਨਿਸਚਿੱਤ ਹੋ ਜਾਓ !

ਗਰਾਂਟ-ਪ੍ਰਸਤਾਵ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਇਸ ਗੱਲ ਨੂੰ ਸੁਨਿਸਚਿੱਤ ਕਰ ਲਉ ਕਿ ਸੰਭਾਵੀ ਦਾਨ ਕਰਨ ਵਾਲਾ ਤੁਹਾਡੇ ਅਨੁਰੂਪ ਹੈ ਜਾਂ ਨਹੀਂ| ਪੂੰਜੀਕਰਤਾਵਾਂ ਦੀ ਵੈਬਸਾਈਟ ਸਬੰਧੀ ਚੰਗੀ ਤਰ੍ਹਾਂ ਘੋਖ-ਪੜਤਾਲ ਕਰ ਲਉ ਅਤੇ ਫਾਉਂਡੇਸ਼ਨਜ਼-990 ਨੂੰ ਵੀ ਵਾਚੋ| ਇਸ ਵਿਚ ਪਹਿਲਾਂ ਦਿੱਤੇ ਦਾਨ ਬਾਰੇ ਦਰਸਾਇਆ ਗਿਆ ਹੁੰਦਾ ਹੈ| (ਡਬਲਿਊ ਡਬਲਿਊ ਡਬਲਿਊ.ਗਾਈਡਸਟਾਰ.ਆਰਗ .| ਇਸਦੇ ਨਾਲ ਹੀ ਆਨਲਾਈਲ ਤੇ ਫਾਊਂਡੇਸ਼ਨ ਸੈਂਟਰ ਡਾਇਰੈਕਟਰੀ ਵਾਚਣੀ ਵੀ ਲਾਹੇਵੰਦ ਹੋਵੇਗੀ| ਜਿਹੜੀਆਂ ਸਾਈਟਾਂ ਫੰਡ ਭੇਜਦੀਆਂ ਹਨ , ਤੁਸੀਂ ਉਨ੍ਹਾਂ ਦੀਆਂ ਈ -ਮੇਲ ਲਿਸਟਾਂ ਨਾਲ ਵੀ ਰਾਬਤਾ ਰੱਖ ਸਕਦੇ ਹੋ| ਮਸਲਨ : ਏ ਡਬਲਿਊ ਆਈ ਡੀ ਅਤੇ ਡਬਲਿਊ ਡਬਲਿਊ ਡਬਲਿਊ ਫੰਡਜ਼ ਫਾਰਨਗੋਜ਼. ਆਰਗ .| ਤੁਸੀਂ ਫੰਡ ਭੇਜਣ ਵਾਲੇ ਸੰਗਠਨ ਨਾਲ ਜੁੜਨ ਦੀ ਕੋਸ਼ਿਸ਼ ਵੀ ਕਰਦੇ ਰਹੋ, ਤਾਂਕਿ ਉਨ੍ਹਾਂ ਨਾਲ ਵਿਚਾਰ ਵਿਮਰਸ਼ ਹੋ ਸਕੇ ਕਿ ਤੁਹਾਡਾ ਕੰਮ ਉਨ੍ਹਾਂ ਦੇ ਫੰਡਾਂ ਅਨੁਸਾਰ ਹੈ|

ਸਪੱਸ਼ਟ ਹੋ ਜਾਉ!

ਦਾਨੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਪੈਸਾ ਕਿਥੇ ਲਗ ਰਿਹਾ ਹੈ| ਜਦੋਂ ਗਰਾਂਟ-ਪ੍ਰਸਤਾਵ ਲਿਖਕੇ ਭੇਜਿਆ ਜਾਂਦਾ ਹੈ, ਤਾਂ ਆਪਣੇ ਮੰਤਵ, ਟੀਚੇ, ਤਜਵੀਜ਼ਤ ਕਾਰਜ ਅਤੇ ਇਸਦਾ ਪ੍ਰਭਾਵ, ਸਪੱਸ਼ਟ ਰੂਪ ਵਿਚ ਲਿਖਿਆ ਜਾਵੇ, ਜੋ ਕਿ ਚੰਗੀ ਤਰ੍ਹਾਂ ਸਮਝ ਆ ਸਕੇ|

* ਆਪਣੇ ਪ੍ਰਸਤਾਵ ਦੇ ਟੀਚਿਆਂ ਸਬੰਧੀ ਸਪਸ਼ਟ ਰੂਪ-ਰੇਖਾ ਦਿਉ| ਇਨ੍ਹਾਂ ਟੀਚਿਆਂ ਨੂੰ ਹਾਸਿਲ ਕਰਨ ਲਈ ਆਪਣੀ ਯੋਜਨਾ ਵਿਸਤਾਰ ਸਹਿਤ ਦਿਉ|
* ਆਪਣੀ ਵਿਸ਼ੇਸ਼ਤਾ ਬਾਰੇ ਵੀ ਦੱਸੋ ਕਿ ਤੁਸੀਂ ਕੀ ਕਰ ਸਕਦੇ ਹੋ, ਜਿਹੜਾ ਦੂਜੇ ਨਹੀਂ ਕਰ ਸਕਦੇ ?
* ਅਲਪਕਾਲੀ ਅਤੇ ਚਿਰਕਾਲੀ ਪ੍ਰਭਾਵਾਂ ਬਾਰੇ ਵੀ ਸਪੱਸ਼ਟ ਕਰੋ|
* ਤੁਹਾਡੇ ਵਲੋਂ ਕੀਤੀ ਜਾਣ ਵਾਲੀ ਤਬਦੀਲੀ ਬਾਰੇ ਵਿਸਤਾਰ ਵਿਚ ਫੋਟੋਆਂ ਸਹਿਤ ਦਸਿਆ ਜਾਵੇ|
* ਚੰਗਾ ਪ੍ਰਭਾਵ ਪੈਦਾ ਕਰਨ ਲਈ , ਤੁਸੀਂ ਦੂਜਿਆਂ ਨਾਲ ਮਿਲਕੇ ਕੀ ਕਰਨਾ ਚਾਹੁੰਦੇ ਹੋ ?
* ਇਹ ਦੱਸੋ ਕਿ ਇਹ ਸੰਭਾਵੀ ਸਾਂਝੇਦਾਰੀ ਵਿਚੋਂ ਦਾਨੀ ਨੂੰ ਕੀ ਪ੍ਰਾਪਤ ਹੋਵੇਗਾ ?
* ਆਪਣਾ ਫੌਰਮੈਟ ਚੰਗੀ ਤਰ੍ਹਾਂ ਤਿਆਰ ਕਰੋ| ਆਪਣੇ ਮਨੋਰਥਾਂ ਨੂੰ ਸਮਝਾਣ ਲਈ ਅਤੇ ਆਸਾਨ ਬਨਾਉਣ ਲਈ ਪੁਆਂਇੰਟ ਲਗਾ ਕੇ, ਰੇਖਾਂਕਿਤ ਕਰਕੇ, ਗੂੜ੍ਹਾ ਕਰਕੇ, ਨਿਸ਼ਾਨ ਲਗਾਕੇ ਅਤੇ ਚਾਰਟ ਦਰਸਾ ਕੇ ਪੇਸ਼ ਕੀਤਾ ਜਾਵੇ|

ਈਮਾਨਦਾਰ ਰਹੋ !

* ਤੁਸੀਂ ਇੱਕ ਰਿਸ਼ਤਾ ਕਾਇਮ ਕਰ ਰਹੇ ਹੋ, ਇਸ ਲਈ ਜ਼ਰੂਰੀ ਹੈ ਕਿ ਤੁਸੀਂ ਈਮਾਨਦਾਰ ਰਹੋ| ਈਮਾਨਦਾਰ ਰਹਿਕੇ ਤੁਸੀਂ ਆਪਣੇ ਪੂੰਜੀਕਰਤਾਵਾਂ ਨਾਲ ਚੰਗੇ ਸਬੰਧ ਕਾਇਮ ਕਰ ਸਕਦੇ ਹੋ|

* ਚੁਨੌਤੀਆਂ ਦੇ ਸਬੰਧ ਵਿਚ ਈਮਾਨਦਾਰ ਰਹੋ| ਜੇਕਰ ਤੁਸੀਂ ਆਪਣੇ ਟੀਚੇ ਪੂਰੇ ਨਹੀਂ ਕਰ ਪਾਂਦੇ, ਤਾਂ ਦਾਨੀ ਤੁਹਾਡੇ ਪਾਸੋਂ ਇਸ ਸਬੰਧੀ ਪੁੱਛ ਸਕਦੇ ਹਨ | ਮਾੜੇ ਹਾਲਾਤਾਂ ਵਿਚ ਵੀ ਚੁਨੌਤੀਆਂ ਨੂੰ ਸਵੀਕਾਰ ਕਰੋ| ਅਤੇ ਆਪਣੀ ਰਚਨਾਤਮਕਤਾ ਬਾਰੇ ਦਸੋ|

* ਜਿਹੜਾ ਵੀ ਤੁਹਾਨੂੰ ਪੂੰਜੀ ਦੇ ਰਿਹਾ ਹੈ, ਉਸ ਨਾਲ ਸਭ ਕੁਝ ਸਾਂਝਾ ਕਰੋ| ਇਸ ਨਾਲ ਤੁਹਾਡੀ ਭਰੋਸੇਯੋਗਤਾ ਤੇ ਯੋਗਤਾ ਦਾ ਪਤਾ ਚਲਦਾ ਹੈ ਕਿ ਵੱਖ-ਵੱਖ ਸ੍ਰੋਤਾਂ ਤੋਂ ਤੁਸੀਂ ਫੰਡ ਪੈਦਾ ਕਰ ਕਰ ਸਕਦੇ ਹੋ ਜਾਂ ਨਹੀਂ| ਇਹ ਇਕ ਜ਼ਰੂਰੀ ਗੱਲ ਹੁੰਦੀ ਹੈ|

ਤੁਸੀਂ ਸੰਪੂਰਨ ਬਣ ਕੇ ਰਹੋ !

ਲਿਖਣ ਸਮੇਂ ਕੋਈ ਗੱਲ ਫਾਲਤੂ ਨਾ ਲਿਖੋ ਜਾਂ ਟਾਈਪ ਦੀਆਂ ਗ਼ਲਤੀਆਂ ਨਾ ਕਰੋ| ਜਿਵੇਂ ਤੁਹਾਡੀ ਤਜਵੀਜ਼ ਦਾ ਵਿਸ਼ਾ ਬੜਾ ਅਹਿਮ ਹੈ, ਉਸੇ ਪ੍ਰਕਾਰ ਇਸਨੂੰ ਐਡਿਟ ਕਰਨਾ ਵੀ ਮਹੱਤਵਪੂਰਨ ਹੈ|

* ਆਪਣੇ ਪੂੰਜੀਕਰਤਾ ਨੂੰ ਸਮਝਕੇ, ਕੋਈ ਵੀ ਵਾਧੂ ਸ਼ਬਦਾਵਲੀ ਜਾਂ "ਗੁਪਤ ਭਾਸ਼ਾ" ਨਾ ਵਰਤੀ ਜਾਵੇ, ਜਿਸਨੂੰ ਉਹ ਸਮਝ ਨਾ ਸਕਦਾ ਹੋਵੇ| ਕਿਸੇ ਵੀ ਗੁੰਝਲਦਾਰ ਵਿਚਾਰ ਅਤੇ ਪ੍ਰੋਗਰਾਮ ਨੂੰ ਸਪਸ਼ਟ ਕੀਤਾ ਜਾਵੇ ਅਤੇ ਇਹ ਬਿਲਕੁਲ ਨਾ ਸਮਝਿਆ ਜਾਵੇ ਕਿ ਦਾਨੀ ਵਿਅਕਤੀ ਤੁਹਾਡੇ ਪ੍ਰੋਗਰਾਮ ਨੂੰ ਤੁਹਾਡੇ ਵਾਂਗ ਹੀ ਸਮਝ ਲਵੇਗਾ| ਇਸ ਪ੍ਰਕਾਰ ਤੁਸੀਂ ਆਪਣੀ ਸੂਝ ਅਤੇ ਸਿਆਣਪ ਦਾ ਪ੍ਰਦਰਸ਼ਨ ਵੀ ਕਰ ਸਕਦੇ ਹੋ| ਕਿਸੇ ਤੋਂ ਆਪਣੀ ਟਾਈਪ ਕੀਤੀ ਤਜਵੀਜ਼ ਨੂੰ ਵਿਆਕਰਣ ਦੇ ਪੱਖੋਂ ਚੈੱਕ ਕਰਵਾ ਲਿਆ ਜਾਵੇ|

ਵਧੇਰੇ ਸੂਚਨਾ ਲਈ ਦੇਖੋ :

* ਅਫਰੀਕਨ ਵੁਮੈੱਨਜ਼ ਡਿਵੈਲਪਮੈਂਟ ਫੰਡ : ਐਚ ਟੀ ਟੀ ਪੀ:// ਡਬਲਿਊ ਡਬਲਿਊ ਡਬਲਿਊ . ਏ ਡਬਲਿਊ ਡੀ ਐਫ . ਆਰਗ ./

* ਗਲੋਬਲ ਫੰਡ ਫਾਰ ਵੁਮੈੱਨ : ਐਚ ਟੀ ਟੀ ਪੀ:// ਗਲੋਬਲ ਫੰਡ ਫਾਰ ਵੁਮੈੱਨ ਆਰਗ ./ * ਮਾਮਾ ਕੈਸ਼ : ਐਚ ਟੀ ਟੀ ਪੀ:// ਡਬਲਿਊ ਡਬਲਿਊ ਡਬਲਿਊ. ਮਾਮਾ ਕੈਸ਼. ਆਰਗ /